






# Orientation to Ontario



1-855-626-0002
https://settlement.org/o2o





## ਧੋਖੇਬਾਜ਼ੀਆਂ ਤੋਂ ਬਚਣਾ

ਮੁਜਰਮ ਅਸਲ ਵੈੱਬਸਾਈਟ ਦੀ ਨਕਲ ਕਰ ਸਕਦੇ ਹਨ ਜਾਂ ਪੇਸ਼ੇਵਰ ਲੱਗਣ ਵਾਲੀ ਇੱਕ ਵੈੱਬਸਾਈਟ ਬਣਾ ਸਕਦੇ ਹਨ। ਵੈੱਬਸਾਈਟਾਂ ਕਨੇਡਾ ਸਰਕਾਰ ਦੀਆਂ ਸਰਕਾਰੀ ਵੈੱਬਸਾਈਟਾਂ ਜਾਂ ਉਸ ਦੇ ਭਾਈਵਾਲਾਂ ਦੀ ਵੈੱਬਸਾਈਟ ਹੋਣ ਦਾ ਦਾਅਵਾ ਕਰ ਸਕਦੀਆਂ ਹਨ। ਹੋਰ ਵੈੱਬਸਾਈਟਾਂ ਵਿਸ਼ੇਸ਼ ਇਮੀਗ੍ਰੇਸ਼ਨ ਸਬੰਧੀ ਸੌਦੇਬਾਜ਼ੀਆਂ ਜਾਂ ਗਰੰਟੀਸ਼ੁਦਾ ਵੱਡੀਆਂ ਤਨਖ਼ਾਹਾਂ ਵਾਲੀਆਂ ਨੌਕਰੀਆਂ ਦੀ ਪੇਸ਼ਕਸ਼ ਕਰਨ ਦਾ ਦਾਅਵਾ ਕਰ ਸਕਦੀਆਂ ਹਨ। ਇੰਜ ਉਹ ਪਛਾਣ ਚੋਰੀ ਕਰਨ ਲਈ ਕਰਦੀਆਂ ਹਨ ਅਤੇ ਪੈਸੇ ਦੇਣ ਲਈ ਲੋਕਾਂ ਨੂੰ ਆਪਣੇ ਜਾਲ ਵਿੱਚ ਫਸਾਉਂਦੀਆਂ ਹਨ।

- ਜੇ ਵੈੱਬਸਾਈਟ ਇਮੀਗ੍ਰੇਸ਼ਨ ਚਾਹੁਣ ਵਾਲੇ ਲੋਕਾਂ ਨੂੰ ਵਿਸ਼ੇਸ਼ ਸੌਦੇਬਾਜ਼ੀਆਂ ਦੀ ਪੇਸ਼ਕਸ਼ ਦੇ ਦਾਅਵੇ ਕਰਦੀ ਹੈ, ਤਾਂ ਵੈੱਬਸਾਈਟ ਛੱਡ ਦਿਓ। ਇਹ ਦਾਅਵੇ ਝੂਠੇ ਹਨ।
- ਜਦੋਂ ਤੁਸੀਂ ਇੱਕ ਵੈੱਬਸਾਈਟ 'ਤੇ ਜਾਂਦੇ ਹੋ, ਤਾਂ ਆਪਣੇ ਬ੍ਰਾਊਜ਼ਰ ਦੇ ਪਤੇ ਵਿਚਲੇ URL ਪਤੇ ਦੀ ਜਾਂਚ ਕਰੋ। ਇਹ ਤੁਹਾਡੇ ਵਲੋਂ ਟਾਈਪ ਕੀਤੇ ਗਏ ਪਤੇ ਨਾਲ ਹੂਬਹੂ ਮਿਲਣਾ ਚਾਹੀਦਾ ਹੈ।
- ਕਦੀ ਵੀ ਨਿਜੀ ਜਾਣਕਾਰੀ ਨਾ ਭਰੋ, ਜਦ ਤੱਕ ਇਹ ਦਰਸਾਉਣ ਲਈ ਕਿ ਇਹ ਸੁਰੱਖਿਅਤ ਹੈ, ਬ੍ਰਾਊਜ਼ਰ ਵਿੰਡੋ ਵਿੱਚ ਪੈਡਲਾੱਕ ਜਾਂ ਵੈਬ ਪਤੇ ਦੀ ਸ਼ੁਰੂਆਤ 'ਤੇ "https://" ਨਹੀਂ ਹੈ।

### ਈਮੇਲ ਅਤੇ ਟੈਕਸਟ ਸਬੰਧੀ ਧੋਖੇਬਾਜ਼ੀਆਂ

ਤੁਹਾਨੂੰ ਇੱਕ ਈਮੇਲ ਮਿਲ ਸਕਦੀ ਹੈ, ਜੋ ਹੂਬਹੂ ਮਾਲੀ ਸੰਸਥਾਵਾਂ, ਕਾਰੋਬਾਰਾਂ ਜਾਂ ਸਰਕਾਰੀ ਏਜੰਸੀਆਂ ਵਰਗੀ ਇੱਕ ਵੈਧ ਜੱਥੇਬੰਦੀ ਤੋਂ ਆਈ ਲੱਗਦੀ ਹੈ। ਇਹ ਤੁਹਾਨੂੰ ਤੁਹਾਡੀ ਜਨਮ-ਤਾਰੀਖ਼, ਪਾਸਵਰਡ ਜਾਂ ਕ੍ਰੈਡਿਟ ਕਾਰਡ ਦੇ ਵੇਰਵੇ ਵਰਗੀ ਨਿੱਜੀ ਜਾਣਕਾਰੀ ਪੁੱਛ ਸਕਦੀ ਹੈ। ਕਈ ਵਾਰੀ ਈਮੇਲ ਤੁਹਾਨੂੰ ਨਕਲੀ ਵੈੱਬਸਾਈਟ 'ਤੇ ਜਾਣ ਲਈ ਕਹੇਗੀ।

- ਨਾਮਵਰ ਜੱਥੇਬੰਦੀਆਂ ਕਦੀ ਵੀ ਈਮੇਲ ਜਾਂ ਟੈਕਸਟ ਰਾਹੀਂ ਤੁਹਾਡੀ ਨਿਜੀ ਜਾਣਕਾਰੀ ਨਹੀਂ ਪੁੱਛਣਗੀਆਂ।
- ਜੇ ਤੁਹਾਨੂੰ ਇਸ ਤਰ੍ਹਾਂ ਦੀ ਈਮੇਲ ਮਿਲਦੀ ਹੈ, ਤਾਂ ਕਿਸੇ ਵੀ ਲਿੰਕ 'ਤੇ ਕਲਿੱਕ ਨਾ ਕਰੋ ਜਾਂ ਆਪਣੇ ਬਾਰੇ ਕੋਈ ਵੀ ਜਾਣਕਾਰੀ ਨਾ ਦਿਓ।
- ਈਮੇਲ ਕਿੱਥੋਂ ਆਈ ਹੈ, ਬਾਰੇ ਜੇ ਤੁਹਾਨੂੰ ਕੋਈ ਸ਼ੱਕ ਹਨ, ਤਾਂ ਭੇਜਣ ਵਾਲੇ ਦੀ ਪਛਾਣ ਦੀ ਜਾਂਚ ਕਰਨੀ ਯਕੀਨੀ ਬਣਾਓ। ਈਮੇਲ ਸਬੰਧੀ ਧੋਖੇਬਾਜ਼ੀਆਂ ਆਮ ਤੌਰ 'ਤੇ ਨਿਜੀ ਪਤੇ ਜਾਂ ਫ਼੍ਰੀਵੈਬ ਮੇਲ ਪਤੇ (Yahoo, Hotmail ਜਾਂ Gmail) ਤੋਂ ਭੇਜੀਆਂ ਜਾਂਦੀਆਂ ਹਨ, ਕਨੇਡਾ ਸਰਕਾਰ "gc.ca", "Canada.ca" ਈਮੇਲ ਖਾਤੇ ਤੋਂ ਨਹੀਂ।
- ਅਨਜਾਣ ਸੰਪਰਕਾਂ ਤੋਂ ਆਏ ਸੰਚਾਰਾਂ (ਈਮੇਲ, ਸੁਨੇਹੇ, ਸਟੇਟਮੈਂਟ, ਐਲਾਨ ਆਦਿ) ਨੂੰ ਨਜ਼ਰਅੰਦਾਜ਼ ਕਰੋ ਅਤੇ ਡਿਲੀਟ ਕਰੋ ਅਤੇ ਸਾਰੇ ਉਪਕਰਣਾਂ 'ਤੇ ਆਪਣਾ ਐਂਟੀਵਾਇਰਸ ਅੱਪਡੇਟ ਕਰੋ।
- ਸਪੈਮ (ਜੰਕ ਮੇਲ) ਸੁਨੇਹਿਆਂ ਦੇ ਜਵਾਬ ਨਾ ਦਿਓ, ਇੱਥੋਂ ਤੱਕ ਕਿ ਇਸ ਪਤੇ ਨੂੰ ਆਪਣੀ ਈਮੇਲ ਤੋਂ ਹਟਾ ਦਿਓ ਅਤੇ ਕੋਈ ਵੀ ਅਟੈਚਮੈਂਟ ਨਾ ਖੋਲ੍ਹੋ ਅਤੇ ਕਿਸੇ ਲਿੰਕ 'ਤੇ ਨਾ ਜਾਓ।

### ਟੈਲੀਫੋਨ ਦੀਆਂ ਧੋਖੇਬਾਜ਼ੀਆਂ

ਮੁਜਰਮ ਇਮੀਗ੍ਰੇਸ਼ਨ, ਸ਼ਰਣਾਰਥੀ ਅਤੇ ਨਾਗਰਿਕਤਾ ਕਨੇਡਾ (IRCC), ਕਨੇਡਾ ਰੈਵੇਨਿਊ ਏਜੰਸੀ (CRA) ਜਾਂ ਪੁਲਿਸ ਤੋਂ ਹੋਣ ਦਾ ਭੁਲੇਖਾ ਪਾਕੇ ਲੋਕਾਂ ਨੂੰ ਟੈਲੀਫੋਨ 'ਤੇ ਵਰਗਲਾਉਣ ਦੀ ਕੋਸ਼ਿਸ਼ ਕਰ ਸਕਦੇ ਹਨ। IRCC, CRA ਜਾਂ ਪੁਲਿਸ ਦੇ ਅਫ਼ਸਰ ਪੈਸਾ ਜਮ੍ਹਾ ਕਰਾਉਣ, ਪੈਸਾ ਟ੍ਰਾਂਸਫ਼ਰ ਕਰਨ ਜਾਂ ਇਮੀਗ੍ਰੇਸ਼ਨ ਚਾਹੁਣ ਵਾਲੇ ਲੋਕਾਂ ਨੂੰ ਵਿਸ਼ੇਸ਼ ਸੌਦੇਬਾਜ਼ੀ ਦੀ ਪੇਸ਼ਕਸ਼ ਕਰਨ ਲਈ ਕਹਿਣ ਵਾਸਤੇ ਤੁਹਾਨੂੰ ਕਦੀ ਵੀ ਕਾਲ ਨਹੀਂ ਕਰਨਗੇ। ਕਈ ਵਾਰੀ ਉਹ ਅਰਜ਼ੀ ਦੇ ਅਮਲ 'ਤੇ ਕਾਰਵਾਈ ਜਾਰੀ ਰੱਖਣ ਲਈ ਹੋਰ ਜਾਣਕਾਰੀ ਲੈਣ ਲਈ ਜਾਂ ਹੋਰ ਦਸਤਾਵੇਜ਼ਾਂ ਲਈ ਕਹਿਣ ਵਾਸਤੇ ਟੈਲੀਫੋਨ ਰਾਹੀਂ ਤੁਹਾਡੇ ਨਾਲ ਸੰਪਰਕ ਕਰ ਸਕਦੇ ਹਨ।

- ਲੋਕ ਤੁਹਾਡਾ ਪੈਸਾ ਜਾਂ ਪਛਾਣ ਚੋਰੀ ਕਰਨ ਵਾਸਤੇ ਧੋਖੇਬਾਜ਼ੀਆਂ ਕਰਨ ਲਈ ਟੈਲੀਫੋਨ ਦੀ ਵਰਤੋਂ ਕਰ ਸਕਦੇ ਹੋ।
- ਕ੍ਰੈਡਿਟ ਕਾਰਡਾਂ, ਬੈਂਕ ਖਾਤੇ ਦੇ ਨੰਬਰਾਂ ਜਾਂ ਭੁਗਤਾਨ ਦੀ ਕਿਸੇ ਹੋਰ ਜਾਣਕਾਰੀ ਲਈ ਪੁੱਛਣ ਲਈ ਟੈਲੀਫੋਨ ਰਾਹੀਂ ਕੀਤੀਆਂ ਜਾਂਦੀਆਂ ਧੋਖੇਬਾਜ਼ੀਆਂ ਤੋਂ ਬਹੁਤ ਜ਼ਿਆਦਾ ਚੌਕਸ ਰਹੋ।

Funded by / Financé par

Immigration, Refugees and Citizenship Canada
Immigration, Réfugiés et Citoyenneté Canada

Ontario

- ਜੇ ਤੁਹਾਨੂੰ ਸ਼ੱਕੀ ਕਾਲ ਆਉਂਦੀ ਹੈ, ਤਾਂ ਫੋਨ ਫ਼ੌਰਨ ਬੰਦ ਕਰ ਦਿਓ ਅਤੇ ਇਸਦੀ ਰਿਪੋਰਟ ਕਰਨ ਲਈ ਆਪਣੀ ਸਥਾਨਕ ਪੁਲਿਸ ਨਾਲ ਸੰਪਰਕ ਕਰੋ। ਤੁਸੀਂ ਕਨੈਡੀਅਨ ਐਂਟੀ-ਫ੍ਰਾੱਡ ਸੈਂਟਰ ਨਾਲ ਵੀ ਸੰਪਰਕ ਕਰ ਸਕਦੇ ਹੋ।

### ਯਾਦ ਰੱਖਣ ਵਾਲੀਆਂ ਗੱਲਾਂ

ਕਨੇਡਾ ਸਰਕਾਰ ਜਾਂ ਪੁਲਿਸ ਕਦੀ ਵੀ ਹਿੰਸਕ ਜਾਂ ਡਰਾਉਣ-ਧਮਕਾਉਣ ਵਾਲੀ ਭਾਸ਼ਾ ਦੀ ਵਰਤੋਂ ਨਹੀਂ ਕਰੇਗੀ।

ਕਨੇਡਾ ਸਰਕਾਰ ਤੁਹਾਨੂੰ ਕਦੀ ਵੀ ਟੈਲੀਫੋਨ, ਈਮੇਲ ਜਾਂ ਟੈਕਸਟ ਸੁਨੇਹੇ ਰਾਹੀ ਕਿਸੇ ਕਿਸਮ ਦੇ ਭੁਗਤਾਨ ਲਈ ਨਹੀਂ ਕਹੇਗੀ।

CRA ਤੁਹਾਨੂੰ ਕਦੀ ਵੀ ਪ੍ਰੀਪੇਡ ਕ੍ਰੈਡਿਟ ਕਾਰਡਾਂ, ਗਿਫ਼ਟ ਕਾਰਡਾਂ ਜਾਂ ਇੰਟੈਰਕ ਈ-ਟ੍ਰਾਂਸਫ਼ਰ (Interac e-transfer) ਰਾਹੀਂ ਪੈਸੇ ਜਾਂ ਭੁਗਤਾਨਾਂ ਲਈ ਈਮੇਲ ਜਾਂ ਟੈਕਸਟ ਸੁਨੇਹੇ ਨਹੀਂ ਭੇਜੇਗੀ।

IRCC ਤੁਹਾਡੀ ਨਿਜੀ ਜਾਣਕਾਰੀ ਲਈ ਪੁੱਛਣ ਵਾਸਤੇ ਟੈਲੀਫੋਨ, ਈਮੇਲ ਜਾਂ ਟੈਕਸਟ ਸੁਨੇਹੇ ਰਾਹੀਂ ਤੁਹਾਡੇ ਨਾਲ ਕਦੀ ਵੀ ਸੰਪਰਕ ਨਹੀਂ ਕਰੇਗੀ। ਕਈ ਵਾਰੀ ਉਹ ਅਰਜ਼ੀ ਦੇ ਅਮਲ 'ਤੇ ਕਾਰਵਾਈ ਜਾਰੀ ਰੱਖਣ ਲਈ ਹੋਰ ਦਸਤਾਵੇਜ਼ਾਂ ਲਈ ਕਹਿਣ ਵਾਸਤੇ ਤੁਹਾਡੇ ਨਾਲ ਸੰਪਰਕ ਕਰ ਸਕਦੇ ਹਨ।

ਕਨੇਡਾ ਸਰਕਾਰ ਈਮੇਲ ਰਾਹੀਂ ਵੀਜ਼ੇ ਨਹੀਂ ਭੇਜਦੀ।

### ਕਨੈਡੀਅਨ ਐਂਟੀ-ਫ੍ਰਾਡ ਸੈਂਟਰ

### CANADIAN ANTI-FRAUD CENTRE

ਕਨੇਡਾ ਵਿੱਚ, ਕਨੈਡੀਅਨ ਐਂਟੀ-ਫ੍ਰਾਡ ਸੈਂਟਰ (CAFC) ਇੱਕ ਕੇਂਦਰੀ ਏਜੰਸੀ ਹੈ, ਜੋ ਵੱਡੇ ਪੱਧਰ 'ਤੇ ਮਾਰਕੀਟਿੰਗ ਸਬੰਧੀ ਧੋਖੇਬਾਜ਼ੀ, ਅਗਾਊਂ ਫ਼ੀਸ ਸਬੰਧੀ ਧੋਖੇਬਾਜ਼ੀ, ਇੰਟਰਨੈਟ ਸਬੰਧੀ ਧੋਖੇਬਾਜ਼ੀ ਅਤੇ ਪਛਾਣ ਦੀ ਚੋਰੀ ਸਬੰਧੀ ਸ਼ਿਕਾਇਤਾਂ ਵਰਗੇ ਮਾਮਲਿਆਂ ਬਾਰੇ ਜਾਣਕਾਰੀ ਅਤੇ ਮੁਜਰਮਾਨਾ ਖ਼ੁਫ਼ੀਆ ਜਾਣਕਾਰੀ ਇਕੱਠੀ ਕਰਦੀ ਹੈ। ਆਪਣੇ ਆਪ ਨੂੰ ਕਿਵੇਂ ਬਚਾਓ, ਬਾਰੇ ਹੋਰ ਜਾਣਨ ਲਈ antifraudcentre.ca 'ਤੇ ਜਾਓ।

**ਅਹਿਮ ਟਿੱਪਣੀ:**

ਆਪਣੇ ਸਥਾਨਕ ਪੁਲਿਸ ਮਹਿਕਮੇ ਨੂੰ ਧੋਖੇਬਾਜ਼ੀ, ਚੋਰੀ ਅਤੇ ਹੋਰ ਜੁਰਮਾਂ ਦੀ ਰਿਪੋਰਟ ਕਰੋ।
ਬੇਲੋੜੀਆਂ ਅਤੇ ਸ਼ੱਕੀ ਈਮੇਲਾਂ spam@fightspam.gc.ca 'ਤੇ ਸਪੈਮ ਰਿਪੋਰਟਿੰਗ ਸੈਂਟਰ ਨੂੰ ਭੇਜੋ।

**ਕੀ ਤੁਹਾਨੂੰ ਪਤਾ ਹੈ?**

ਧੋਖੇਬਾਜ਼ ਨੇ ਭਾਵੇਂ ਤੁਹਾਨੂੰ ਧੋਖਾ ਦਿੱਤਾ ਹੈ ਜਾਂ ਤੁਹਾਨੂੰ ਨਿਸ਼ਾਨਾ ਬਣਾਇਆ ਹੈ, ਤਾਂ ਤੁਹਾਨੂੰ ਹਮੇਸ਼ਾ ਇਸਦੀ ਰਿਪੋਰਟ ਜ਼ਰੂਰ ਕਰਨੀ ਚਾਹੀਦੀ ਹੈ। ਕਿੱਥੇ ਰਿਪੋਰਟ ਕਰੋ ਬਾਰੇ ਸਲਾਹ ਲਈ ਕਨੈਡੀਅਨ ਐਂਟੀ-ਫ੍ਰਾਡ ਸੈਂਟਰ (1-888-495-8501) ਜਾਂ ਕੰਪੀਟੀਸ਼ਨ ਬਿਊਰੋ (1-800-348-5358) ਨਾਲ ਸੰਪਰਕ ਕਰੋ।

### ਸ੍ਰੋਤ:


Canadian Anti-Fraud Centre:
antifraudcentre.ca

Competition Bureau:
competitionbureau.gc.ca

Government of Canada:
canada.ca/en/immigration-refugees-citizenship/services/protect-fraud/internet-email-telephone.html

The Little Black Book of Scams:
competitionbureau.gc.ca/eic/site/cb-bc.nsf/eng/04333.html#sec10














